# ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

(ਕੋਵਿਡ-19 ਕੰਟਰੋਲ ਰੂਮ)

## ਹੁਕਮ

ਵਿਸ਼ਾ: ਕਣਕ ਦੇ ਉਤਪਾਦ (Procurement) ਦੌਰਾਨ ਮੰਡੀਆਂ ਵਿੱਚ ਸਾਫ-ਸਫਾਈ ਅਤੇ ਕੋਵਿਡ-19 ਸਬੰਧੀ ਬਚਾਅ ਅਤੇ ਰੋਕਥਾਮ ਸਬੰਧੀ।

=======

ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਕੋਵਿਡ-19 ਦੀ ਰੋਕਥਾਮ ਲਈ ਵੱਖ-ਵੱਖ ਕਦਮ ਚੁੱਕੇ ਜਾ ਰਹੇ ਹਨ। ਹੁਣ ਕਣਕ ਦੇ ਖਰੀਦ (Procurement) ਦਾ ਸਮਾਂ ਵੀ ਸ਼ੁਰੂ ਹੋ ਗਿਆ ਹੈ। ਜਿਲ੍ਹੇ ਵਿੱਚ ਕੋਵਿਡ-19 ਦੌਰਾਨ Surveillance ਕਰਨ ਲਈ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸੈਕਟਰ ਮੈਜਿਸਟ੍ਰੇਟ ਨਿਯੁਕਤ ਕੀਤੇ ਗਏ ਹਨ। ਕੋਵਿਡ-19 ਦੀ ਰੋਕਥਾਮ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਇਹਨਾਂ ਸੈਕਟਰ ਮੈਜਿਸਟਰੇਟ ਦੀ ਮੰਡੀਆਂ ਵਿੱਚ ਸਾਫ-ਸਫਾਈ ਅਤੇ ਕੋਵਿਡ-19 ਸਬੰਧੀ ਬਚਾਅ ਅਤੇ ਰੋਕਥਾਮ ਸਬੰਧੀ ਰਿਪੋਰਟ ਕਰਨ ਦੀ ਡਿਊਟੀ ਲਗਾਈ ਜਾਂਦੀ ਹੈ। ਇਹ ਸੈਕਟਰ ਮੈਜਿਸਟਰੇਟ ਆਪਣੇ ਖੇਤਰ ਵਿੱਚ ਪੈਂਦੀਆਂ ਮੰਡੀਆਂ ਦੀ ਚੈਕਿੰਗ ਕਰਕੇ ਨਿਮਨ ਪ੍ਰੋਫਾਰਮੇ ਵਿੱਚ ਰਿਪੋਰਟ ਕਰਨਗੇ:-

| ਲੜੀ ਨੰ: | ਮੰਡੀ ਦਾ ਨਾਮ | ਪਤਾ | ਮੰਡੀ ਵਿੱਚ ਕੋਵਿਡ-19 ਸਬੰਧੀ ਰਿਪੋਰਟ | | | |
|---|---|---|---|---|---|---|
| | | | ਸਾਫ-ਸਫਾਈ ਦੀ ਵਿਵਸਥਾ | ਕੀ ਮੰਡੀ ਵਿੱਚ ਕਿਸਾਨਾਂ, ਆੜਤੀਆਂ ਮਜਦੂਰਾਂ ਵੱਲੋਂ ਮਾਸਕ ਅਤੇ Sanitiser ਦੀ ਵਰਤੋਂ ਕੀਤੀ ਜਾ ਰਹੀ ਹੈ? | ਕੀ ਮੰਡੀ ਵਿੱਚ ਹੱਥ ਧੋਣ ਦੀ ਸੁਵਿਧਾ ਉਪਲੱਬਧ ਹੈ? | ਕੀ ਮੰਡੀ ਵਿੱਚ ਕੋਵਿਡ-19 ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜਿਕ ਦੂਰੀ ਯਕੀਨੀ ਬਣਾਈ ਜਾ ਰਹੀ ਹੈ? |

ਇਹ ਰਿਪੋਰਟ ਸੈਕਟਰ ਮੈਜਿਸਟਰੇਟ ਹਰ ਹਫਤੇ ਆਪਣੇ ਸਬੰਧੀ ਉਪ ਮੰਡਲ ਮੈਜਿਸਟਰੇਟ ਨੂੰ ਜਮ੍ਹਾਂ ਕਰਵਾਉਣਗੇ। ਇਸ ਕੰਮ ਦੇ ਵਿੱਚ ਸਬੰਧਤ ਸਕੱਤਰ ਮਾਰਕੀਟ ਕਮੇਟੀ ਸੈਕਟਰ ਮੈਜਿਸਟਰੇਟ ਦਾ ਪੂਰਾ ਸਹਿਯੋਗ ਕਰਨਗੇ।

ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ COVID-19/ 644 ਮਿਤੀ: 21/4/2020

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ,
2. ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ,
3. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ,
4. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾ ਹਿੱਤ,
5. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰ) ਜੀ ਨੂੰ ਸੂਚਨਾ ਹਿੱਤ,
6. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਜੀ ਨੂੰ ਸੂਚਨਾ ਹਿੱਤ,
7. ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ) ਜੀ ਨੂੰ ਸੂਚਨਾ ਹਿੱਤ,
8. ਸਮੂਹ ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ,
9. ਸਮੂਹ ਸੈਕਟਰ ਮੈਜਿਸਟਰੇਟ,
10. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ,
11. ਮੁੱਖ ਖੇਤੀਬਾੜੀ ਅਫਸਰ, ਅੰਮ੍ਰਿਤਸਰ,
12. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਅੰਮ੍ਰਿਤਸਰ,
13. ਸਹਾਇਕ ਕਿਰਤ ਕਮਿਸ਼ਨਰ, ਅੰਮ੍ਰਿਤਸਰ,
14. ਜਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ
15. ਜਿਲ੍ਹਾ ਮੰਡੀ ਅਫਸਰ, ਅੰਮ੍ਰਿਤਸਰ
16. ਸਮੂਹ ਸਬੰਧਤ ਵਿਭਾਗਾਂ ਦੇ ਮੁੱਖੀ,
17. ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ,

ਨੂੰ ਸੂਚਨਾ ਅਤੇ ਤੁਰੰਤ ਪਾਲਣਾਂ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner